**ਦਫਤਰ ਮੁੱਖ ਡਾਇਰੈਕਟਰ,**
**ਵਿਜੀਲੈਂਸ ਬਿਊਰੋ ਹੈਡਕੁਆਟਰਜ਼, ਪੰਜਾਬ**
ਵਿਜੀਲੈਸ ਭਵਨ, ਸੈਕਟਰ-68, ਐਸ.ਏ.ਐਸ.ਨਗਰ
ਫੋਨ : 0172-2217100-200 (ਕੰਟਰੋਲ ਰੂਮ ਅਤੇ ਫੈਕਸ)


## ਸਰਕੂਲਰ ਨੰਬਰ : 07/2019

ਵਿਸ਼ਾ: **ਕ੍ਰਿਮੀਨਲ ਅਪੀਲ ਨੰਬਰ 1485 ਆਫ 2008- ਸਟੇਟ ਆਫ ਗੁਜਰਾਤ ਬਨਾਮ ਕ੍ਰਿਸ਼ਨ ਭਾਈ ਤੇ ਹੋਰ।**

ਮਾਨਯੋਗ ਸੁਪਰੀਮ ਕੋਰਟ ਵੱਲੋ ਕ੍ਰਿਮੀਨਲ ਅਪੀਲ ਨੰਬਰ 1485 ਆਫ 2008-ਸਟੇਟ ਆਫ ਗੁਜਰਾਤ ਬਨਾਮ ਕ੍ਰਿਸ਼ਨ ਭਾਈ ਤੇ ਹੋਰ, ਜਿਸ ਦਾ ਫੈਸਲਾ ਮਿਤੀ 07.01.2014 ਨੂੰ ਕੀਤਾ ਗਿਆ ਸੀ, ਜਿਸ ਵਿੱਚ ਅਦਾਲਤ ਵੱਲੋ ਇਹ ਹੁਕਮ ਕੀਤੇ ਗਏ ਸਨ ਕਿ ਜਿੰਨ੍ਹਾਂ ਕੇਸਾ ਵਿੱਚ ਦੋਸੀ ਬਰੀ ਹੋ ਜਾਦੇ ਹਨ ਉਨ੍ਹਾ ਕੇਸਾਂ ਵਿੱਚ ਇਹ ਘੋਖ ਕਰਨੀ ਜਰੂਰੀ ਹੈ ਕਿ ਦੋਸੀ ਕਿਸ ਸਰਕਾਰੀ ਵਕੀਲ ਜਾਂ ਤਫਤੀਸ਼ੀ ਅਫਸਰ ਦੀ ਅਣਗਹਿਲੀ/ਗਲਤੀ ਕਾਰਣ ਬਰੀ ਹੋਇਆ, ਤਾਂ ਜੋ ਉਸ ਦੇ ਖਿਲਾਫ ਯੋਗ ਕਾਰਵਾਈ ਕੀਤੀ ਜਾ ਸਕੇ।

2. ਮਾਨਯੋਗ ਸੁਪਰੀਮ ਕੋਰਟ ਵੱਲੋ ਹੋਏ ਉਪਰੋਕਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਪੰਜਾਬ ਸਰਕਾਰ, ਗ੍ਰਹਿ ਮਾਮਲੇ ਵਿਭਾਗ (ਗ੍ਰਹਿ-4 ਸ਼ਾਖਾ) ਵੱਲੋ ਉਨ੍ਹਾ ਦੇ ਮੀਮੋ ਨੰਬਰ 05/71/2014-3ਐਚ4/854333/5, ਮਿਤੀ 05.10.2016 ਰਾਹੀਂ ਸਮੂਹ ਲਾਅ ਅਫਸਰਾਂ ਅਤੇ ਜਿਲਾ ਅਟਾਰਨੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਸਨ ਜਿਨ੍ਹਾ ਵਿੱਚ ਹੋਰ ਹਦਾਇਤਾਂ ਦੇ ਨਾਲ ਨਾਲ ਇੱਕ ਸਟੈਡਿੰਗ ਕਮੇਟੀ ਗਠਿਤ ਕਰਨ ਦੇ ਹੁਕਮ ਵੀ ਹੋਏ ਸਨ ਜਿਨ੍ਹਾਂ ਵਿੱਚ ਜਿਲਾ ਅਟਾਰਨੀ (ਪੀ) ਅਤੇ ADCP/SP (D) ਮੈਂਬਰ ਹੋਣਗੇ ਅਤੇ ਵਿਜੀਲੈਂਸ ਬਿਊਰੋ ਦੇ ਕੇਸਾਂ ਵਿੱਚ ਜਿਲਾ ਅਟਾਰਨੀ (ਪੀ) ਦੇ ਨਾਲ SP (VB) ਵਿਜੀਲੈਂਸ ਬਿਊਰੋ, ਮੈਂਬਰ ਹੋਣਗੇ ਜੋ ਕਿ ਅਦਾਲਤਾਂ ਵੱਲੋ ਬਰੀ ਹੋਏ ਸਾਰੇ ਕੇਸਾਂ ਦੀ ਸਮੀਖਿਆ ਕਰਨਗੇ ਤਾਂ ਜੋ ਇਹ ਪਤਾ ਲੱਗ ਸਕੇ ਕਿ ਦੋਸ਼ੀ ਕਿਸ ਕਰਮਚਾਰੀ/ਅਧਿਕਾਰੀ ਦੀ ਗਲਤੀ ਕਾਰਨ ਬਰੀ ਹੋਇਆ ਹੈ ਅਤੇ ਇਸ ਬਾਰੇ ਆਪਣੀ ਰਿਪੋਰਟ ਮੁੱਖ ਦਫਤਰ ਨੂੰ ਭੇਜਣਗੇ ।

3. ਉਪਰੋਕਤ ਸਥਿਤੀ ਨੂੰ ਮੱਦੇ ਨਜਰ ਰੱਖਦੇ ਹੋਏ ਜਿਲਾ ਪੱਧਰ ਤੇ ਸਬੰਧਤ ਰੇਂਜ ਦੇ ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ ਅਤੇ ਸਬੰਧਤ ਜਿਲੇ ਦੇ ਜਿਲਾ ਅਟਾਰਨੀ ਪ੍ਰਾਸੀਕਿਊਸ਼ਨ ਦੀ ਕਮੇਟੀ ਗਠਿਤ ਕੀਤੀ ਜਾਂਦੀ ਹੈ। ਇਹ ਕਮੇਟੀ ਹਰ ਮਹੀਨੇ ਬਰੀ ਹੋਏ ਕੇਸਾਂ ਦੀ ਸਮੀਖਿਆ ਕਰਕੇ ਮਹੀਨਾਵਾਰ ਰਿਪੋਰਟ, ਮੁੱਖ ਦਫਤਰ ਵਿਜੀਲੈਂਸ ਬਿਊਰੋ ਨੂੰ ਭੇਜੇਗੀ, ਕਿ ਜੋ ਦੋਸ਼ੀ ਬਰੀ ਹੋਏ ਹਨ, ਉਹ ਕਿਸ ਦੀ ਗਲਤੀ ਕਰਕੇ ਬਰੀ ਹੋਏ ਹਨ। ਤਫਤੀਸ਼ੀ ਅਫਸਰ ਕਰਕੇ ਜਾਂ ਪ੍ਰਾਸੀਕਿਊਸਨ ਕਰਕੇ ਜਾਂ ਦੋਨਾਂ ਦੀ ਗਲਤੀ ਕਰਕੇ ਬਰੀ ਹੋਏ ਹਨ। ਵਿਜੀਲੈਂਸ ਬਿਊਰੋ ਦੇ ਕੇਸਾਂ ਵਿੱਚ ਤਫਤੀਸੀ ਅਫਸਰਾ ਦੀ ਕੁਤਾਹੀ ਕਰਕੇ ਦੋਸ਼ੀ/ਦੋਸ਼ੀਆਨ ਦੇ ਬਰੀ ਹੋਣ ਪਰ ਤਫਤੀਸ਼ੀ ਅਫਸਰ ਦੇ ਖਿਲਾਫ ਕਾਰਵਾਈ ਕਰਨ ਸਬੰਧੀ ਅੰਤਿਮ ਫੈਸਲਾ ਮੁੱਖ ਡਾਇਰੈਕਟਰ ਵਿਜੀਲੈਂਸ ਬਿਊਰੋ ਵੱਲੋਂ ਲਿਆ ਜਾਵੇਗਾ । ਵਿਜੀਲੈਂਸ ਬਿਊਰੋ ਦੇ ਕੇਸਾਂ ਵਿੱਚ ਪ੍ਰਾਸੀਕਿਉਸ਼ਨ ਵਿਭਾਗ ਦੇ ਅਧਿਕਾਰੀ/ਕਰਮਚਾਰੀ ਦੀ ਕੁਤਾਹੀ ਕਰਕੇ ਦੋਸ਼ੀ/ਦੋਸ਼ੀਆਨ ਦੇ ਬਰੀ ਹੋਣ ਪਰ ਪ੍ਰਾਸੀਕਿਊਸ਼ਨ ਵਿਭਾਗ ਦੇ ਅਧਿਕਾਰੀ/ਕਰਮਚਾਰੀਆਂ ਦੇ ਖਿਲਾਫ ਕਾਰਵਾਈ ਕਰਨ ਸਬੰਧੀ ਅੰਤਿਮ ਫੈਸਲਾ ਡਾਇਰੈਕਟਰ ਪ੍ਰਾਸਿਕਿਉਸ਼ਨ ਅਤੇ ਲਿਟੀਗੇਸ਼ਨ ਵਿਭਾਗ ਵੱਲੋਂ ਲਿਆ ਜਾਵੇਗਾ। ਜੇਕਰ ਜਿਲਾ ਪੱਧਰੀ ਕਮੇਟੀ ਵੱਲੋ ਬਰੀ ਹੋਏ ਕੇਸਾ ਬਾਰੇ ਫੈਸਲਾ ਲੈਣ ਸਬੰਧੀ ਕੋਈ ਸਹਿਮਤੀ ਨਹੀਂ ਹੁੰਦੀ ਤਾਂ ਉਕਤ ਕਮੇਟੀ ਬਰੀ ਹੋਏ ਕੇਸਾਂ ਬਾਰੇ ਰਿਪੋਰਟ ਬਣਾ ਕੇ ਹੇਠ ਲਿਖੇ ਅਨੁਸਾਰ ਗਠਿਤ ਰਾਜ ਪੱਧਰੀ ਕਮੇਟੀ ਨੂੰ ਭੇਜਿਆ ਕਰੇਗੀ।

4. ਰਾਜ ਪੱਧਰ ਤੇ ਹੇਠ ਲਿਖੇ ਅਨੁਸਾਰ ਕਮੇਟੀ ਗਠਿਤ ਕੀਤੀ ਜਾਂਦੀ ਹੈ:-

| | |
|---|---|
| (i) ਡਾਇਰੈਕਟਰ,ਵਿਜੀਲੈਂਸ ਬਿਊਰੋ, ਪੰਜਾਬ | ਪ੍ਰਧਾਨ |
| (ii) ਸੰਯੁਕਤ ਡਾਇਰੈਕਟਰ (ਕਰਾਈਮ), ਵਿਜੀਲੈਂਸ ਬਿਊਰੋ, ਪੰਜਾਬ | ਮੈਂਬਰ |
| (iii) ਸੰਯੁਕਤ ਡਾਇਰੈਕਟਰ (ਪ੍ਰਾਸੀਕਿਊਸ਼ਨ), ਵਿਜੀਲੈਂਸ ਬਿਊਰੋ, ਪੰਜਾਬ | ਮੈਂਬਰ |

5. ਜੇਕਰ ਰਾਜ ਪੱਧਰੀ ਕਮੇਟੀ ਵੱਲੋਂ ਬਰੀ ਹੋਏ ਕੇਸਾਂ ਬਾਰੇ ਫੈਸਲਾ ਲੈਣ ਸਬੰਧੀ ਕੋਈ ਵੀ ਸਹਿਮਤੀ ਨਹੀਂ ਹੁੰਦੀ ਤਾਂ ਉਕਤ ਕਮੇਟੀ ਬਰੀ ਹੋਏ ਕੇਸਾਂ ਬਾਰੇ ਆਪਣੀ ਰਿਪੋਰਟ ਬਣਾ ਕੇ ਸਕੱਤਰ ਪੰਜਾਬ ਸਰਕਾਰ, ਚੌਕਸੀ ਵਿਭਾਗ ਨੂੰ ਭੇਜਿਆ ਕਰੇਗੀ। ਜਿਸ ਪਰ ਅੰਤਿਮ ਫੈਸਲਾ ਸਕੱਤਰ, ਪੰਜਾਬ ਸਰਕਾਰ, ਚੌਕਸੀ ਵਿਭਾਗ ਵੱਲੋਂ ਲਿਆ ਜਾਵੇਗਾ।

ਉਕਤ ਕਮੇਟੀ ਵੱਲੋ ਵਿਚਾਰਨ ਉਪਰੰਤ ਆਪਣੀ ਰਿਪੋਰਟ ਅੰਤਿਮ ਫੈਸਲਾ ਲੈਣ ਲਈ ਸਕੱਤਰ ਪੰਜਾਬ ਸਰਕਾਰ, ਚੌਕਸੀ ਵਿਭਾਗ ਨੂੰ ਭੇਜੀ ਜਾਵੇਗੀ।

ਸਹੀ/-
ਬੀ.ਕੇ.ਉਪਲ, ਆਈ.ਪੀ.ਐਸ
ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।

ਨੰਬਰ 49043-66 /ਵਬ/ਐਸ-3 ਮਿਤੀ 5/11/19

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਚੌਕਸੀ ਵਿਭਾਗ, ਚੰਡੀਗੜ੍ਹ।
2. ਡਾਇਰੈਕਟ ਪ੍ਰਾਸੀਕਿਊਸ਼ਨ ਅਤੇ ਲਿਟੀਗੇਸ਼ਨ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
4. ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਸ ਬਿਊਰੋ, ਪੰਜਾਬ।
5. ਇੰਸਪੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ, ਵਿਜੀਲੈਸ ਬਿਊਰੋ, ਪੰਜਾਬ।
6. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਸ ਬਿਊਰੋ, ਪੰਜਾਬ।
7. ਸੰਯੁਕਤ ਡਾਇਰੈਕਟਰ/ਪ੍ਰਸ਼ਾਸਨ, ਵਿਜੀਲੈਸ ਬਿਊਰੋ, ਪੰਜਾਬ।
8. ਸੰਯੁਕਤ ਡਾਇਰੈਕਟਰ/ਕਰਾਈਮ, ਵਿਜੀਲੈਸ ਬਿਊਰੋ, ਪੰਜਾਬ।
9. ਸੰਯੁਕਤ ਡਾਇਰੈਕਟਰ/ਆਈ.ਵੀ.ਸੀ ਅਤੇ ਐਸ.ਯੂ, ਵਿਜੀਲੈਸ ਬਿਊਰੋ, ਪੰਜਾਬ।
10. ਸੰਯੁਕਤ ਡਾਇਰੈਕਟਰ/ਪ੍ਰਾਸੀਕਿਉਸ਼ਨ, ਵਿਜੀਲੈਸ ਬਿਊਰੋ, ਪੰਜਾਬ।
11. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਅ:ਅ:ਸਾਖਾ, ਵਿਜੀਲੈਂਸ ਬਿਊਰੋ, ਪੰਜਾਬ।
12. ਸਹਾਇਕ ਇੰਸਪੈਕਟਰ ਜਨਰਲ ਪੁਲਿਸ-2, ਅ.ਅ.ਸ਼ਾਖਾ, ਵਿਜੀਲੈਂਸ ਬਿਊਰੋ,ਪੰਜਾਬ।
13. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ, ਪੰਜਾਬ।
14. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਹੈਡਕੁਆਰਟਰ, ਵਿਜੀਲੈਂਸ ਬਿਊਰੋ, ਪੰਜਾਬ।
15. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਪਟਿਆਲਾ।
16. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਅੰਮ੍ਰਿਤਸਰ।
17. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਜਲੰਧਰ।
18. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਲੁਧਿਆਣਾ।
19. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਫਿਰੋਜਪੁਰ।
20. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਬਠਿੰਡਾ।
21. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਐਸ.ਏ.ਐਸ ਨਗਰ।
22. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਅ:ਅ:ਸਾਖਾ, ਲੁਧਿਆਣਾ।
23. ਐਸ.ਓ-ਟੂ-ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
24. ਇੰਨਚਾਰਜ ਵੈਬ ਮੈਨਟੀਨੈਂਸ ਸੈਲ, ਵਿਜੀਲੈਂਸ ਬਿਊਰੋ, ਪੰਜਾਬ।

ਸੰਯੁਕਤ ਡਾਇਰੈਕਟਰ/ਕਰਾਈਮ
ਵਾਸਤੇ ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।